11

# ਮਸੀਹ ਦੀ ਲਾੜੀ

*"... ਮੈਂ ਇੱਕੋ ਹੀ ਪਤੀ ਨਾਲ ਤੁਹਾਡੀ ਕੁੜਮਾਈ ਕੀਤੀ ਭਈ ਤੁਹਾਨੂੰ ਪਾਕ ਕੁਆਰੀ ਵਾਂਙੁ ਮਸੀਹ ਦੇ ਅਰਪਨ ਕਰਾਂ" (2 ਕੁਰਿੰਥੀਆਂ 11:2)।*

ਅਮਰੀਕਾ ਦੀ ਹਾਰਡਿੰਗ ਯੂਨੀਵਰਸਿਟੀ ਵਿਚ ਕੁਝ ਵਿਦਿਆਰਥਣਾਂ ਮਜ਼ਾਕ ਵਿਚ ਆਖਦੀਆਂ ਹਨ, "ਪਤਾ ਹੈ ਖ਼ੁਦਾ ਨੇ ਆਦਮੀ ਨੂੰ ਪਹਿਲਾਂ ਕਿਉਂ ਬਣਾਇਆ? ਕਿਉਂਕਿ ਆਪਣੀ ਸਭ ਤੋਂ ਪਿਆਰੀ ਰਚਨਾ ਬਣਾਉਣ ਤੋਂ ਪਹਿਲਾਂ ਉਹ ਇਕ ਰੇਖਾ ਚਿੱਤਰ ਬਣਾਉਣਾ ਚਾਹੁੰਦਾ ਸੀ!" ਮਜ਼ਾਕ ਵੱਖਰੀ ਗੱਲ ਹੈ, ਪਰ ਖ਼ੁਦਾ ਦੇ ਨਮੂਨੇ ਦੇ ਅਨੁਸਾਰ ਔਰਤ ਇਕ ਖ਼ੂਬਸੂਰਤ ਰਚਨਾ ਹੀ ਨਹੀਂ, ਖ਼ੁਦਾ ਦੀ ਸਾਰੀ ਸਰਿਸ਼ਟੀ ਵਿਚ ਸਭ ਤੋਂ ਸੋਹਣੀ ਹੈ।

ਔਰਤ ਦਾ ਸੁਹੱਪਣ ਆਪਣੇ ਵਿਆਹ ਦੇ ਦਿਨ ਸਭ ਤੋਂ ਵੱਧ ਹੁੰਦਾ ਹੈ। ਕੋਈ ਵੀ ਆਪਣੀ ਪਤਨੀ ਦੇ ਸੁਹੱਪਣ ਦੇ ਉਸ ਦਿਨ ਨੂੰ ਕਦੇ ਨਹੀਂ ਭੁੱਲਦਾ ਜਿਸ ਦਿਨ ਵਿਆਹ ਦੇ ਸਮਾਰੋਹ ਆਪਣਾ ਦਿਲ ਅਤੇ ਜ਼ਿੰਦਗੀ ਉਸ ਨੂੰ ਸੌਂਪਣ ਲਈ ਆਈ ਸੀ। ਉਸ ਪਲ ਦੀ ਉਸਦੀ ਖ਼ੂਬਸੂਰਤੀ ਤਦ ਤਕ ਉਹਦੇ ਮਨ ਵਿਚ ਰਹੇਗੀ ਜਦ ਤਕ ਬੁੱਢਾਪੇ ਨਾਲ ਉਸਦੀ ਯਾਦ ਸ਼ਕਤੀ ਖ਼ਤਮ ਨਾ ਹੋ ਜਾਵੇ। ਜਾਂ ਮੌਤ ਉਸ ਨੂੰ ਆਪਣੇ ਵਿਚ ਨਾ ਸਮਾ ਲਏ।

ਕਲੀਸੀਆ ਦੀ ਤਸਵੀਰ ਲਈ "ਲਾੜੀ" ਸ਼ਬਦ ਦੀ ਖਿੱਚ ਅਤੇ ਭਾਵਨਾ ਨੂੰ ਸਾਡੇ ਮਨ 'ਚੋਂ ਕੱਢਣਾ ਬੜਾ ਮੁਸ਼ਕਿਲ ਹੈ। ਸ਼ਾਇਦ ਇਹ ਕਲੀਸੀਆ ਲਈ ਨਵੇਂ ਨੇਮ ਦੇ ਸਾਰੇ ਚਿੱਤਰਣਾਂ ਵਿਚ ਸਭ ਤੋਂ ਵੱਧ ਜਾਨਦਾਰ ਹੈ।

ਇਸ ਸ਼ਬਦ ਦੀ ਵਰਤੋਂ ਕਲੀਸੀਆ ਦੇ ਬਿਆਨ ਦੇ ਰੂਪ ਵਿਚ ਸਿਰਫ਼ ਯੂਹੰਨਾ ਨੇ ਹੀ ਕੀਤਾ ਹੈ। ਸ਼ਬਦ ਦੀ ਵਰਤੋਂ ਵਿਚ ਕਲੀਸੀਆ ਦੀ ਸੰਸਾਰੀ ਅਤੇ ਸੁਰਗੀ ਹਾਲਤਾਂ ਨੂੰ ਆਪਸ ਵਿਚ ਮਿਲਾ ਦਿੱਤਾ ਸੀ (ਪ੍ਰਕਾਸ਼ ਦੀ ਪੋਥੀ 21:2,9; 22:17)। ਪਰ 2 ਕੁਰਿੰਥੀਆਂ 2:11 ਵਿਚ ਪੌਲੁਸ ਵਾਂਗ ਯਿਸੂ ਨੇ ਮਰਕੁਸ 2:19 ਵਿਚ ਕਲੀਸੀਆ ਦਾ ਹਵਾਲਾ "ਲਾੜੀ" ਦੇ ਰੂਪ ਵਿਚ ਦਿੱਤਾ ਸੀ। ਪੌਲੁਸ ਰਾਹੀਂ ਅਫ਼ਸੀਆਂ 5:22-33 ਵਿਚ ਕੀਤੀ ਗਈ ਤੁਲਨਾ ਰੋਮੀਆਂ 7:1-4 ਵਿਚ ਉਸਦੀ ਇਕਰੂਪਤਾ ਵਿਚ ਅਜਿਹੇ ਹੋਰ ਹਵਾਲੇ ਸ਼ਾਮਿਲ ਹਨ।

ਕਲੀਸੀਆ ਤੇ ਮਸੀਹ ਦੀ ਲਾੜੀ ਦੇ ਰੂਪ ਵਿਚ ਵਿਚਾਰ ਕਰਨ ਨਾਲ ਸਾਡੇ ਮਨ ਵਿਚ ਉਹਦੇ ਸੁਭਾਉ ਤੇ ਚਾਲ ਚਲਣ ਦਾ ਇਕ ਵਿਚਾਰ ਆਉਂਦਾ ਹੈ। ਕਲੀਸੀਆ ਨੂੰ ਜੋ ਹੋਣਾ ਚਾਹੀਦਾ, ਉਸ ਨੂੰ ਸਮਝਣ ਲਈ ਸਾਨੂੰ ਕਈ ਸ਼ਬਦਾਂ, ਚਿੱਤਰਾਂ ਅਤੇ ਰੂਪਕਾਂ ਨੂੰ ਜਾਂਚ ਪਰਖ ਕੇ ਨਾਪ ਤੋਲ ਲੈਣਾ ਚਾਹੀਦਾ ਹੈ, ਜਿਨ੍ਹਾਂ ਦੀ ਵਰਤੋਂ ਪਵਿੱਤਰ ਆਤਮਾ ਨੇ ਇਸਦੇ ਬਿਆਨ ਲਈ ਕੀਤਾ ਹੈ।

ਕਲੀਸੀਆ ਤੇ ਲਾਗੂ ਕਰਨ ਤੇ ਲਾੜੀ ਦੇ ਇਸ ਰੂਪਕ ਤੋਂ ਕੀ ਸੁਝਾਉ ਮਿਲਦਾ ਹੈ?

## ਅਵਿਵਾਦਿਤ ਵਫ਼ਾਦਾਰੀ

ਪਹਿਲਾਂ ਤਾਂ "ਲਾੜੀ" ਸ਼ਬਦ ਵਿਚ ਵਫ਼ਾਦਾਰੀ ਦਾ ਸੰਕੇਤ ਹੈ। ਲਾੜੀ ਨੇ ਵਾਅਦਾ ਕੀਤਾ ਹੁੰਦਾ

ਹੈ ਭਾਵ ਉਸਨੇ ਇਕ ਅਜਿਹਾ ਨੇਮ ਬੰਨ੍ਹਿਆ ਹੈ, ਜਿਸਦੇ ਲਈ ਪਿਆਰ, ਵਫ਼ਾਦਾਰੀ ਅਤੇ ਜ਼ਿੰਦਗੀ ਦੇਣਾ ਜ਼ਰੂਰੀ ਹੈ।

ਪੌਲੁਸ ਨੂੰ ਇਹ ਡਰ ਸੀ ਕਿ ਕੁਰਿੰਥੁਸ ਦੇ ਲੋਕ ਸੱਚੇ ਮਸੀਹ ਦੇ ਵੱਲੋਂ ਕਿਸੇ ਝੂਠੇ ਯਿਸੂ ਅਤੇ ਇੰਜੀਲ ਦੀ ਵੱਲ ਫਿਰ ਰਹੇ ਸੀ। ਇਸ ਕਾਰਣ ਉਹਨੇ ਕੁਰਿੰਥੁਸ ਦੇ ਉਨ੍ਹਾਂ ਲੋਕਾਂ ਨੂੰ ਮਸੀਹ ਵਿਚ ਬਣੇ ਰਹਿਣ ਅਤੇ ਆਪਣੇ ਆਪ ਨੂੰ ਪਵਿੱਤਰ ਰੱਖਣ ਲਈ ਹਰ ਸੰਭਵ ਸਖ਼ਤ ਭਾਸ਼ਾ ਦੀ ਵਰਤੋਂ ਕੀਤੀ ਸੀ: ''ਤੁਹਾਡੇ ਲਈ ਮੇਰੀ ਅਣਖ ਪਰਮੇਸ਼ੁਰ ਜਹੀ ਅਣਖ ਹੈ, ਇਸ ਲਈ ਜੋ ਮੈਂ ਇੱਕੋ ਹੀ ਪਤੀ ਨਾਲ ਤੁਹਾਡੀ ਕੁੜਮਾਈ ਕੀਤੀ ਭਈ ਤੁਹਾਨੂੰ ਪਾਕ ਕੁਆਰੀ ਵਾਂਙੁ ਮਸੀਹ ਦੇ ਅਰਪਨ ਕਰਾਂ'' (2 ਕੁਰਿੰਥੀਆਂ 11:2)। ਇਕ ਪਤਨੀ ਲਈ ਆਪਣੇ ਪਤੀ ਨਾਲ ਬੇਵਫ਼ਾਈ ਦੀ ਗੱਲ ਸੋਚਣਾ ਵੀ ਨਾਮੁਮਕਿਨ ਹੈ, ਇਸ ਲਈ ਪੌਲੁਸ ਨੇ ਉਸ ਵਫ਼ਾ ਨੂੰ ਸਮਝਾਉਣ ਲਈ ਜੋ ਇਕ ਮਸੀਹੀ ਦੀ ਮਸੀਹ ਨਾਲ ਹੋਣੀ ਚਾਹੀਦੀ ਹੈ, ਕੁੜਮਾਈ ਦੇ ਰਿਸ਼ਤੇ ਦੀ ਵਰਤੋਂ ਕੀਤੀ।

ਪਤੀ ਤੇ ਪਤਨੀ ਦੇ ਮੇਲ ਤੋਂ ਵੱਧ ਵਫ਼ਾ ਦੀ ਦੂਜੀ ਕੀ ਉਦਾਹਰਣ ਹੋ ਸਕਦੀ ਸੀ? ਸਾਡੇ ਵਿੱਚੋਂ ਕਈਆਂ ਨੇ ਅਜਿਹੇ ਪਤੀਆਂ ਅਤੇ ਪਤਨੀਆਂ ਬਾਰੇ ਸੁਣਿਆ ਹੋਵੇਗਾ। ਜਿਨ੍ਹਾਂ ਨੇ ਇਕ ਦੂਜੇ ਤੋਂ ਵੱਖਰੇ ਹੋਣ ਦੀ ਬਜਾਏ ਇਕੱਠੇ ਮੌਤ ਨੂੰ ਚੁਣਿਆ ਸੀ। ਉਨ੍ਹਾਂ ਦੇ ਮਨਾਂ ਵਿਚ ਇਕ ਦੂਜੇ ਨੂੰ ਸਮਰਪਨ ਇਕੱਲੇ ਜਿਉਂਦੇ ਰਹਿਣ ਨਾਲੋਂ ਕਿਤੇ ਵੱਧ ਸੀ।

ਕਲੀਸੀਆ ਲਈ ਸੱਭ ਤੋਂ ਜ਼ਰੂਰੀ ਗੱਲ ਮਸੀਹ ਦੀ ਵਫ਼ਾਦਾਰੀ ਹੈ। ਉਸਦੇ ਲੋਕਾਂ ਨੂੰ ਕਾਮਯਾਬ ਹੋਣ, ਤਰੱਕੀ ਕਰਨ ਜਿੱਥੋਂ ਤਕ ਜ਼ਿੰਦਗੀ ਦੀ ਵੀ ਮਹੱਤਤਾ ਨਹੀਂ ਹੈ। ਜਿੰਨਾ ਮਸੀਹ ਦੇ ਪ੍ਰਤੀ ਵਫ਼ਾਦਾਰ ਹੋਣਾ (ਪ੍ਰਕਾਸ਼ ਦੀ ਪੋਥੀ 2:10) ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਕਿਸੇ ਵੀ ਸਬੰਧ (ਲੂਕਾ 14:26), ਦੌਲਤ (ਲੂਕਾ 14:33) ਜਾਂ ਵਫ਼ਾਦਾਰ (ਲੂਕਾ 14:27) ਤੋਂ ਵੱਧ ਮਸੀਹ ਨਾਲ ਆਪਣੇ ਵਾਅਦਿਆਂ ਨੂੰ ਪਹਿਲ ਦਈਏ।

## ਨਿਰਾਲੀ ਪਛਾਣ

ਦੂਜਾ ਕਲੀਸੀਆ ਦਾ ਮਸੀਹ ਦੀ ''ਲਾੜੀ'' ਹੋਣ ਦੀ ਪਛਾਣ ਦਾ ਪਤਾ ਲੱਗਦਾ ਹੈ। ਅਸੀਂ ਉਹਦੇ ਲੋਕਾਂ ਦੀ ਭੀੜ ਹਾਂ ਜਿਨ੍ਹਾਂ ਤੇ ਆਪਣੇ ਪਿਆਰ ਇਕੱਠਾ ਕਰ ਲਿਆ ਹੈ ਅਤੇ ਮਨ ਦੀ ਏਕਤਾ ਨਾਲ ਇਕ ਨੇਮ ਵੀ ਬੰਨ੍ਹਿਆ ਹੈ। ਇਸ ਕਰਕੇ ਅਸੀਂ ਮਸੀਹ ਦੇ ਹਾਂ ਅਤੇ ਮਸੀਹ ਸਾਡਾ ਹੈ, ਜਿਸ ਤਰ੍ਹਾਂ ਇਕ ਪਤੀ ਅਤੇ ਪਤਨੀ ਦਾ ਇਕ ਦੂਜੇ ਨਾਲ ਰਿਸ਼ਤਾ ਹੁੰਦਾ ਹੈ। ਅਸੀਂ ਮਸੀਹ ਨੂੰ ਆਪਣੇ ਸਿਰ ਦੇ ਰੂਪ ਵਿਚ ਵੇਖਦੇ ਹਾਂ ਅਤੇ ਉਹਦਾ ਨਾਂਅ ਅਪਣਾਉਂਦੇ ਹਾਂ, ਅਤੇ ਉਹ ਸਾਨੂੰ ਧਰਤੀ ਤੇ ਆਪਣਾ ਸਰੀਰ ਮੰਨਦਾ ਹੈ ਅਤੇ ਸਾਨੂੰ ਆਪਣੀ ਕਲੀਸੀਆ ਆਖਦਾ ਹੈ।

ਪਤੀ ਤੇ ਪਤਨੀ ਦੋਵਾਂ ਲਈ ਹੀ ਵਿਆਹ ਦਾ ਅਰਥ ਇਕ ਨਵੀਂ ਪਛਾਣ ਹੁੰਦਾ ਹੈ, ਪਰ ਇਹ ਗੱਲ ਬਹੁਤਾ ਕਰਕੇ ਪਤਨੀ ਲਈ ਢੁਕਦੀ ਹੈ ਕਿਉਂਕਿ ਵਿਆਹ ਦੇ ਜ਼ਿੰਦਗੀ ਭਰ ਦੇ ਕਰਾਰਨਾਮੇ ਨਾਲ ਉਸਨੂੰ ਇਕ ਨਵਾਂ ਨਾਂਅ ਭਾਵ ਉਸਦੇ ਪਤੀ ਦਾ ਨਾਂਅ ਮਿਲਦਾ ਹੈ। ਇਸੇ ਤਰ੍ਹਾਂ ਕਲੀਸੀਆ ਵਿਚ ਆਉਣ ਤੇ ਅਤੇ ''ਮਸੀਹ ਦੀ ਕਲੀਸੀਆ'' (ਰੋਮੀਆਂ 16:16) ਦਾ ਭਾਗ ਬਣਨ ਤੇ, ਸਾਨੂੰ ਇਕ ਨਵੀਂ ਪਛਾਣ ਮਿਲਦੀ ਹੈ ਜੋ ਮਸੀਹ ਨਾਲ ਸਾਡੇ ਮੇਲ ਤੋਂ ਪੈਦਾ ਹੁੰਦੀ ਹੈ।

ਖ਼ੁਦਾ ਨੇ ਵਿਆਹ ਦਾ ਪ੍ਰਬੰਧ ਇਸ ਤਰ੍ਹਾਂ ਕੀਤਾ ਹੈ ਕਿ ''ਮਰਦ ਆਪਣੇ ਮਾਪੇ ਛੱਡ ਕੇ ਆਪਣੀ ਤੀਵੀਂ ਨਾਲ ਮਿਲਿਆ ਰਹੇਗਾ ਅਤੇ ਉਹ ਇਕ ਸਰੀਰ ਹੋਣਗੇ'' (ਉਤਪਤ 2:24)। ਇਸੇ ਤਰ੍ਹਾਂ ਮਨਬਦਲੀ ਵੇਲੇ ਅਸੀਂ ਮਸੀਹ ਨਾਲ ਇਕ ਹੁੰਦੇ ਹਾਂ (ਰੋਮੀਆਂ 6:3)। ਇਹ ਏਕਤਾ ਐਨੀ ਪੱਕੀ ਹੈ ਕਿ ਇਸਨੂੰ ਵਿਆਹ ਵਿਚ ਪਤੀ ਅਤੇ ਪਤਨੀ ਦੇ ਮੇਲ ਨਾਲ ਸਮਝਾਇਆ ਜਾ ਸਕਦਾ ਹੈ, ''ਇਸੇ ਤਰ੍ਹਾਂ

ਪਤੀਆਂ ਨੂੰ ਭੀ ਚਾਹੀਦਾ ਹੈ ਜੋ ਆਪਣੀਆਂ ਪਤਨੀਆਂ ਨਾਲ ਅਜਿਹਾ ਪ੍ਰੇਮ ਕਰਨ ਜਿਵੇਂ ਆਪਣੇ ਸਰੀਰਾਂ ਨਾਲ ਕਰਦੇ ਹਨ। ... ਜਿਵੇਂ ਮਸੀਹ ਵੀ ਕਲੀਸੀਆ ਨੂੰ, ਕਿਉਂ ਜੋ ਅਸੀਂ ਉਹ ਦੀ ਦੇਹੀ ਦੇ ਅੰਗ ਹਾਂ'' (ਅਫ਼ਸੀਆਂ 5:28-30)।

ਮਸੀਹੀ ਬਣਨ ਤੋਂ ਇਲਾਵਾ, ਆਦਮੀ ਜੋ ਅਹਿਮ ਵਾਅਦੇ ਕਰਦਾ ਹੈ, ਵਿਆਹ ਉਨ੍ਹਾਂ ਵਿੱਚੋਂ ਸਭ ਤੋਂ ਅੱਵਲ ਹੋਵੇਗਾ। ਵਿਆਹ ਦਾ ਰਿਸ਼ਤਾ ਐਨੀ ਖ਼ਾਸ ਅਹਿਮੀਅਤ ਰੱਖਦਾ ਹੈ ਕਿ ਜੋ ਇਸ ਵਿਚ ਸ਼ਾਮਿਲ ਹੈ ਉਹਦੇ ਲਈ ਇਕ ਫ਼ਰਕ ਇਨਸਾਨ ਬਣਨਾ ਜ਼ਰੂਰੀ ਹੈ। ਵਿਆਹ ਤੋਂ ਪਹਿਲਾਂ ਉਹ *ਇਕ* ਸੀ, ਪਰ ਵਿਆਹ ਤੋਂ ਬਾਅਦ ਉਹ *ਦੋ* ਹੋ ਜਾਂਦਾ ਹੈ। ਵਿਆਹ ਤੋਂ ਪਹਿਲਾਂ ਉਹ *ਆਪ* ਸੀ, ਪਰ ਵਿਆਹ ਤੋਂ ਬਾਅਦ ਉਹ *ਦੂਜੇ ਦਾ* ਹੋ ਜਾਂਦਾ ਹੈ। ਇਸੇ ਤਰ੍ਹਾਂ, ਨਵੇਂ ਨੇਮ ਦੀ ਕਲੀਸੀਆ ਵਿਚ ਸ਼ਾਮਿਲ ਹੋਣ ਤੇ ਅਸੀਂ ਮਸੀਹ ਦਾ ਸਰੀਰ ਬਣ ਜਾਂਦੇ ਹਾਂ। ਹੁਣ ਅਸੀਂ ਉਹ ਨਹੀਂ ਰਹੇ ਜੋ ਪਹਿਲਾਂ ਸੀ ਕਿਉਂਕਿ *ਮਸੀਹੀ* ਬਣ ਗਏ ਹਾਂ। ਸਾਡੀ ਪਛਾਣ ਮਸੀਹ ਨਾਲ ਸਾਡੇ ਮੇਲ ਤੋਂ ਹੁੰਦੀ ਹੈ।

## ਲਾਸਾਨੀ ਸਬੰਧ

ਤੀਸਰਾ, ਲਾੜੀ ਲਾੜੇ ਨਾਲ ਇਕ ਖ਼ਾਸ, ਕਦੇ ਨਾ ਖ਼ਤਮ ਹੋਣ ਵਾਲਾ ਵਚਨ ਦਿੰਦੀ ਹੈ। ਧਰਤੀ ਤੇ ਪਤੀ ਪਤਨੀ ਵਰਗਾ ਕੋਈ ਰਿਸ਼ਤਾ ਨਹੀਂ ਮਿਲਦਾ ਹੈ।

ਅਫ਼ਸੀਆਂ 5:22-33 ਵਿਚ ਪੌਲੁਸ ਨੇ ਪਤੀ ਪਤਨੀ ਦੇ ਰਿਸ਼ਤੇ ਵਿਚ ਇਕ ਵਿਸਤਾਰ ਸਹਿਤ ਤੁਲਨਾ ਕਰਦੇ ਹੋਏ ਮਸੀਹ ਅਤੇ ਕਲੀਸੀਆ ਵਿਚਲਾ ਰਿਸ਼ਤਾ ਸਮਝਾਇਆ ਹੈ। ਉਸਦੀ ਮਿਸਾਲ ਵਿਚ ਮਸੀਹੀ ਵਿਆਹ ਵਿਚ ਪਤੀ ਪਤਨੀ ਨੂੰ ਦਿੱਤੀਆਂ ਗਈਆਂ ਖ਼ੁਦਾ ਦੀਆਂ ਭੂਮਿਕਾਵਾਂ ਨੂੰ ਸਪੱਸ਼ਟ ਕੀਤਾ ਗਿਆ ਹੈ ਪਰ ਉਹਦਾ ਮੁੱਖ ਕੇਂਦਰ ਬਿੰਦੂ ਉਹ ਸਬੰਧ ਹੈ ਜੋ ਮਸੀਹ ਤੇ ਕਲੀਸੀਆ ਵਿਚ ਪਾਇਆ ਜਾਂਦਾ ਹੈ (ਅਫ਼ਸੀਆਂ 5:32)।

ਆਪਣੀ ਤੁਲਨਾ ਵਿਚ, ਆਤਮਾ ਦੀ ਪ੍ਰੇਰਣਾ ਨਾਲ ਪੌਲੁਸ ਨੇ ਸਮਰਪਣ ਤੇ ਬਹੁਤਾ ਜ਼ੋਰ ਦਿੱਤਾ ਹੈ। ਮਸੀਹ ਦੀ ਲਾੜੀ ਦੇ ਰੂਪ ਵਿਚ ਕਲੀਸੀਆ ਆਪਣਾ ਸਿਰ ਮੰਨ ਕੇ ਉਹਦੇ ਅੱਗੇ ਸਮਰਪਣ ਕਰਦੀ ਹੈ। ਉਸਨੇ ਆਖਿਆ ਹੈ, ''ਹੇ ਪਤਨੀਓ, ਤੁਸੀਂ ਆਪਣਿਆਂ ਪਤੀਆਂ ਦੇ ਅਧੀਨ ਹੋਵੋ ਜਿਵੇਂ ਪ੍ਰਭੂ ਦੇ। ਕਿਉਂ ਜੋ ਪਤੀ ਪਤਨੀ ਦਾ ਸਿਰ ਹੈ ਜਿਵੇਂ ਮਸੀਹ ਭੀ ਕਲੀਸੀਆ ਦਾ ਸਿਰ ਹੈ। ਉਹ ਤਾਂ ਆਪ ਦੇਹੀ ਦਾ ਬਚਾਉਣ ਵਾਲਾ ਹੈ'' (ਅਫ਼ਸੀਆਂ 5:22, 23)। ਜਿਵੇਂ ਪਤਨੀ ਆਪਣੇ ਪਤੀ ਦੇ ਪ੍ਰਤੀ ਸਮਰਪਿਤ ਹੁੰਦੀ ਹੈ ਓਸੇ ਤਰ੍ਹਾਂ ਕਲੀਸੀਆ ਆਪਣੇ ਆਗੂ ਦੇ ਰੂਪ ਵਿਚ ਮਸੀਹ ਵੱਲ ਵੇਖਦੀ ਹੈ।

ਕਿਸੇ ਨੇ ਆਖਿਆ ਹੈ, ''ਜੇ ਕੋਈ ਤਾਨਾਸ਼ਾਹ ਹਰ ਕੰਮ ਵਿਚ ਮਾਹਿਰ ਹੋਵੇ, ਤਾਂ ਸਭ ਤੋਂ ਵਧੀਆ ਪ੍ਰਬੰਧ ਤਾਨਾਸ਼ਾਹੀ ਦਾ ਹੈ।'' ਕਲੀਸੀਆ ਮਸੀਹ ਦੇ ਅੱਗੇ ਆਪਣੇ ਆਪ ਨੂੰ ਸਮਰਪਣ ਕਰਦੀ ਹੈ ਜੋ ਹਰ ਗੱਲ ਵਿਚ ਸਾਮਰਥੀ ਹੈ। ਇਸ ਕਰਕੇ ਉਹ ਉਹਦੀ ਮੁਕੰਮਲ ਅਗਵਾਈ ਦਾ ਅਨੰਦ ਹੈ। ਕਲੀਸੀਆ ਆਪਣੇ ਹੱਕ ਲਈ ਕਿਸੇ ਮਨੁੱਖ ਵੱਲ, ਜਾਂ ਮਨੁੱਖਾਂ ਦੇ ਬਣਾਏ ਸੰਗਠਨ ਵੱਲ, ਜਾਂ ਧਰਤੀ ਤੇ ਕਿਸੇ ਹੈੱਡ ਆਫ਼ਿਸ ਵੱਲ ਨਹੀਂ ਵੇਖਦੀ। ਮਸੀਹ ਦੀ ਸੱਚੀ ਕਲੀਸੀਆ ਦਾ ਸਿਰ ਸਿਰਫ਼ ਇੱਕੋ ਹੈ ਭਾਵ ਮਸੀਹ ਜੋ ਪ੍ਰਭੂ ਹੈ।

ਕਿਸੇ ਬਾਈਬਲ ਕਲਾਸ ਵਿਚ, ਅਫ਼ਸੀਆਂ 5:22-33 ਦੀ ਚਰਚਾ ਕਰਨ ਵੇਲੇ ਮੈਂ ਇਸ ਗੱਲ ਦਾ ਜ਼ਿਕਰ ਜ਼ਰੂਰ ਕਰਦਾ ਹਾਂ ਕਿ ਇਸ ਆਇਤ 23 ਵਿਚ ਪਤੀ ਲਈ ਨਹੀਂ ਸਗੋਂ ਪਤਨੀ ਦੇ ਵਾਸਤੇ ਹੈ ਅਤੇ ਆਇਤ 25 ਪਤੀ ਲਈ ਹੈ ਨਾ ਕਿ ਪਤਨੀ ਲਈ। ਪਤਨੀ ਲਈ ਸ਼ਬਦ ''ਸਮਰਪਨ'' ਹੈ ਅਤੇ ਪਤੀ ਵਾਸਤੇ ''ਕੁਰਬਾਨੀ''। ਪੌਲੁਸ ਅਨੁਸਾਰ ਚੰਗੇ ਪਤੀ ਵਿਚ ਘੱਟੋ-ਘੱਟ ਇਹ ਦੋ ਖ਼ੂਬੀਆਂ ਹੋਣੀਆਂ ਜ਼ਰੂਰੀ ਹਨ: (1) ਉਹ ਆਪਣੀ ਪਤਨੀ ਨਾਲ ਉਵੇਂ ਹੀ ਪਿਆਰ ਕਰਦਾ ਹੋਵੇ ਜਿਵੇਂ ਮਸੀਹ

ਨੇ ਕਲੀਸੀਆ ਨਾਲ ਕੀਤਾ ਭਾਵ ਉਹ ਉਹਦੇ ਲਈ ਮਰਨ ਨੂੰ ਵੀ ਤਿਆਰ ਹੋਵੇ, ਅਤੇ (2) ਉਹ ਉਹਦੀ ਰੂਹਾਨੀ ਅਗਵਾਈ ਲਈ ਉੱਚੇ ਤੋਂ ਉੱਚੇ ਗੁਣ ਮੁਹੱਈਆ ਕਰਾਉਣ ਦੀ ਇੱਛਿਆ ਕਰੇ। ਪੌਲੁਸ ਦੇ ਅਨੁਸਾਰ ਇਸੇ ਤਰ੍ਹਾਂ ਚੰਗੀ ਪਤਨੀ ਵਿਚ ਵੀ ਘੱਟ ਤੋਂ ਘੱਟ ਦੋ ਗੁਣ ਹੋਣੇ ਚਾਹੀਦੇ ਹਨ: (1) ਉਹ ਆਪਣੇ ਸਿਰ ਦੇ ਰੂਪ ਵਿਚ ਪਤੀ ਨੂੰ ਸਮਰਪਿਤ ਹੋਵੇ ਅਤੇ (2) ਉਹ ਉਹਦੇ ਨਾਲ ਉਹੋ ਜਿਹਾ ਪਿਆਰ ਕਰੇ ਜਿਸ ਤਰ੍ਹਾਂ ਕਲੀਸੀਆ ਨੂੰ ਮਸੀਹ ਨਾਲ ਕਰਨਾ ਚਾਹੀਦਾ ਹੈ।

ਉਸਦੀ ਕਲੀਸੀਆ ਵਿਚ ਸ਼ਾਮਿਲ ਹੋਏ ਤੇ ਉਸ ਵਿਚ ਰਹੇ ਬਿਨਾਂ ਮਸੀਹ ਨਾਲ ਇਸ ਖ਼ਾਸ ਲਾੜਾ ਲਾੜੀ ਦੇ ਸਬੰਧ ਵਿਚ ਨਹੀਂ ਆ ਸਕਦਾ। ਜਿਸ ਤਰ੍ਹਾਂ ਇਕ ਆਦਮੀ ਦੀ ਪਤਨੀ ਦੇ ਰੂਪ ਵਿਚ ਕਿਸੇ ਦੂਸਰੀ ਔਰਤ ਨੂੰ ਉਹੀ ਖ਼ਾਸ ਹੱਕ ਨਹੀਂ ਦਿੱਤੇ ਜਾ ਸਕਦੇ, ਉਸੇ ਤਰ੍ਹਾਂ ਕਿਸੇ ਦੂਸਰੇ ਸੰਗਠਨ ਜਾਂ ਸੰਸਥਾ ਨੂੰ, ਭਾਵੇਂ ਉਹ ਕਿੰਨੀ ਵੀ ਪ੍ਰਸਿੱਧ ਜਾਂ ਸਮਰਪਿਤ ਹੋਵੇ, ਮਸੀਹ ਦੇ ਨਾਲ ਲਾੜਾ/ਲਾੜੀ ਦੇ ਰਿਸ਼ਤੇ ਦਾ ਖ਼ਾਸ ਹੱਕ ਨਹੀਂ ਮਿਲ ਸਕਦਾ।

## ਅਸੀਮਤ ਉਪਾਅ

ਚੌਥਾ, ਮਸੀਹ ਦੀ ਲਾੜੀ ਹੋਣ ਤੋਂ ਭਾਵ ਹੈ ਮਸੀਹ ਦੀ ਸੰਭਾਲ ਅਤੇ ਪਿਆਰ ਤੋਂ ਪਹਿਲਾਂ ਤੋਂ ਕੀਤਾ ਪ੍ਰਬੰਧ ਹਾਸਲ ਕਰਨਾ। ਰਾਜਿਆਂ ਦੇ ਰਾਜਾ ਅਤੇ ਪ੍ਰਭੂਆਂ ਦੇ ਪ੍ਰਭੂ ਦੀ ਲਾੜੀ ਨੂੰ ਮਿਲਣ ਵਾਲੀਆਂ ਬਰਕਤਾਂ ਨੂੰ ਪੂਰੀ ਤਰ੍ਹਾਂ ਨਾਲ ਕੌਣ ਸਮਝ ਸਕਦਾ ਹੈ?

ਪਹਿਲਾਂ ਤਾਂ, ਯਿਸੂ ਆਪਣੀ ਕਲੀਸੀਆ ਲਈ *ਛੁਟਕਾਰਾ* ਮੁਹੱਈਆ ਕਰਵਾਉਂਦਾ ਹੈ। ਪੌਲੁਸ ਨੇ ਮਸੀਹ ਨੂੰ ''ਦੇਹ ਦਾ ਬਚਾਉਣ ਵਾਲਾ'' (ਅਫ਼ਸੀਆਂ 5:23) ਕਿਹਾ ਹੈ। ਆਪਣੀ ਕਲੀਸੀਆ ਨੂੰ ਇਹ ਜ਼ਿੰਦਗੀ ਉਸਨੇ ਉਹਦੇ ਲਈ ਆਪਣੀ ਜਾਨ ਦੇ ਕੇ ਦਿੱਤੀ। ''... ਜਿਵੇਂ ਮਸੀਹ ਨੇ ਵੀ ਕਲੀਸੀਆ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ'' (ਅਫ਼ਸੀਆਂ 5:25)। ਫਿਰ ਯਿਸੂ ਕਲੀਸੀਆ ਨੂੰ *ਕਾਇਮ ਰੱਖਦਾ* ਹੈ। ਪੌਲੁਸ ਨੇ ਕਿਹਾ ਕਿ ਇਕ ਪਤੀ ਨੂੰ ਆਪਣੀ ਪਤਨੀ ਦੀ ਪਾਲਣਾ ਉਸੇ ਤਰ੍ਹਾਂ ਹੀ ਕਰਨੀ ਚਾਹੀਦੀ ਹੈ, ''ਜਿਵੇਂ ਮਸੀਹ ਕਲੀਸੀਆ ਨਾਲ ਕਰਦਾ ਹੈ'' (ਅਫ਼ਸੀਆਂ 5:29)। ਯਿਸੂ ਕਲੀਸੀਆ ਦੀ *ਪਵਿੱਤਰਤਾ* ਦੀ ਚੌਕਸੀ ਕਰਦਾ ਅਤੇ ਉਹਦਾ ਭਵਿੱਖ *ਸੁਰੱਖਿਅਤ* ਕਰਦਾ ਹੈ, ''ਭਈ ਉਸ ਨੂੰ ਜਲ ਦੇ ਅਸ਼ਨਾਨ ਤੋਂ ਵਚਨ ਨਾਲ ਸ਼ੁੱਧ ਕਰ ਕੇ ਪਵਿੱਤਰ ਕਰੇ। ਅਤੇ ਉਹ ਉਸ ਨੂੰ ਆਪਣੇ ਲਈ ਇਹੋ ਜਿਹੀ ਪ੍ਰਤਾਪਵਾਨ ਕਲੀਸੀਆ ਤਿਆਰ ਕਰੇ ਜਿਹਦੇ ਵਿਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ'' (ਅਫ਼ਸੀਆਂ 5:26, 27)।

ਸਿੰਡਰੇਲਾ ਦੀ ਦਿਲ ਖਿੱਚਵੀਂ ਕਹਾਣੀ ਬੱਚਿਆਂ (ਅਤੇ ਵੱਡਿਆਂ) ਨੂੰ ਚੰਗੀ ਲੱਗਦੀ ਹੈ। ਅਸੀਂ ਇਸ ਵਿਚਾਰ ਨਾਲ ਖ਼ੁਸ਼ ਹੁੰਦੇ ਹਾਂ ਇਕ ਗ਼ੁਲਾਮ ਕੁੜੀ ਦਾ ਜਿਸ ਨਾਲ ਬਦਸਲੂਕੀ ਹੁੰਦੀ ਸੀ ਆਖ਼ਿਰ ਇਕ ਰਾਜਕੁਮਾਰ ਨਾਲ ਵਿਆਹ ਹੋ ਜਾਂਦਾ ਹੈ। ਆਓ ਇਸ ਕਹਾਣੀ ਦੇ ਬਾਅਦ ਵਾਲੇ ਹਿੱਸੇ ਤੇ ਵਿਚਾਰ ਕਰਦੇ ਹਾਂ। ''ਕਹਾਣੀ ਦੇ ਬਾਅਦ'' ਕੀ ਹੋਇਆ? ਰਾਜ ਕੁਮਾਰ ਦੀ ਪਤਨੀ ਦੇ ਰੂਪ ਵਿਚ ਸਿੰਡਰੇਲਾ ਲਈ ਜ਼ਿੰਦਗੀ ਦਾ ਤਜਰਬਾ ਕਿਹੋ ਜਿਹਾ ਸੀ? ਪਹਿਲਾਂ ਗ਼ਰੀਬੀ ਵਿਚ ਰਹਿ ਕੇ, ਗ਼ੁਲਾਮੀ ਵਿਚ ਕੰਮ ਕਰਨ ਵਾਲੀ ਕੁੜੀ ਨੂੰ, ਵਿਲਾਸਤਾ, ਦੌਲਤ, ਹਮਾਇਤ ਅਤੇ ਆਪਣੇ ਨਵੇਂ ਘਰ ਜ਼ਿੰਦਗੀ ਵਿਚ ਇਕ ਸੁਨਿਹਰਾ ਭਵਿੱਖ ਮਿਲ ਗਿਆ ਸੀ। ਰਾਜਕੁਮਾਰ ਨਾਲ ਵਿਆਹ ਕਰਕੇ ਉਹਨੂੰ ਇਕ ਨਵੀਂ ਪਛਾਣ, ਇਕ ਨਵੀਂ ਜ਼ਿੰਦਗੀ ਅਤੇ ਬਹੁਤ ਸਭ ਖ਼ੁਸ਼ੀਆਂ ਮਿਲ ਗਈਆਂ ਸਨ।

ਮਸੀਹ ਦੇ ਸਰੀਰ ਵਿਚ ਸ਼ਾਮਿਲ ਹੋਣ ਨਾਲ ਸਾਨੂੰ ਮਸੀਹ ਰਾਹੀਂ ਸੰਭਾਲ ਅਤੇ ਪਹਿਲਾਂ ਕੀਤੇ ਪ੍ਰਬੰਧਾਂ ਵਿਚ ਲਿਆਂਦਾ ਜਾਂਦਾ ਹੈ। ਜਿਸ ਨਾਲ ਲਾੜੀ ਆਪਣੇ ਲਾੜੇ ਦੀ ਪਿਆਰੀ ਸੰਭਾਲ ਵਿਚ ਆਉਂਦੀ ਹੈ। ਮਸੀਹ ਦੀ ਇਸ ਸੁਰੱਖਿਆ ਦਾ ਵਾਅਦਾ ਸਿਰਫ਼ ਕਲੀਸੀਆ ਵਾਸਤੇ ਹੈ।

## ਬੇਮਿਸਾਲ ਵਾਅਦਾ

ਪੰਜਵਾਂ, ਮਸੀਹ ਦੀ ਲਾੜੀ ਦੇ ਰੂਪ ਵਿਚ, ਕਲੀਸੀਆ ਦਾ ਭਵਿੱਖ ਉਹੀ ਹੋਵੇਗਾ ਜੋ ਮਸੀਹ ਦਾ ਹੈ। ਕਲੀਸੀਆ ਉੱਥੇ ਜਾਏਗੀ ਜਿੱਥੇ ਮਸੀਹ ਜਾਂਦਾ ਹੈ, ਉਸਨੂੰ ਉਹੋ ਕੁਝ ਮਿਲੇਗਾ ਜੋ ਮਸੀਹ ਨੂੰ ਮਿਲਦਾ ਹੈ ਅਤੇ ਉਹ ਮਸੀਹ ਨਾਲ ਹਮੇਸ਼ਾ ਦੀ ਜ਼ਿੰਦਗੀ ਵਿਚ ਰਹੇਗੀ।

ਕਲੀਸੀਆ ਦੇ ਸਬੰਧ ਵਿਚ ਨਵੇਂ ਨੇਮ ਵਿਚ ''ਲਾੜੀ'' ਸ਼ਬਦ ਦੀ ਵਰਤੋਂ ਪ੍ਰਕਾਸ਼ ਦੀ ਪੋਥੀ 21 ਅਤੇ 22 ਅਧਿਆਇ ਵਿਚ ਮਿਲਦੀ ਹੈ। ਯੂਹੰਨਾ ਨੇ ਇਸ ਸ਼ਬਦ ਦੀ ਵਰਤੋਂ ਕਲੀਸੀਆ ਦੇ ਭਵਿੱਖ ਨਾਲ ਉਹਦੇ ਸੁਭਾਅ ਨੂੰ ਜੋੜਨ ਲਈ ਕੀਤਾ ਹੈ। ਉਸਨੇ ਪਹਿਲਾਂ ''ਅਤੇ ਮੈਂ ਪਵਿੱਤਰ ਨਗਰੀ ਨਵੀਂ ਯਰੂਸ਼ਲਮ ਨੂੰ ਇਉਂ ਤਿਆਰ ਕੀਤੀ ਹੋਈ ਮਾਨੋ ਲਾੜੀ ਆਪਣੇ ਲਾੜੇ ਲਈ ਸਿੰਗਾਰੀ ਹੋਈ ਹੈ ਪਰਮੇਸ਼ੁਰ ਦੇ ਕੋਲੋਂ ਅਕਾਸ਼ੋਂ ਉਤਰਦੀ ਨੂੰ ਵੇਖਿਆ'' (ਪ੍ਰਕਾਸ਼ ਦੀ ਪੋਥੀ 21:2)। ਬਾਅਦ ਵਿਚ, ਇਕ ਫ਼ਰਿਸ਼ਤੇ ਨੇ ਯੂਹੰਨਾ ਨੂੰ ਕਿਹਾ ਸੀ, ''ਉਰੇ ਆ, ਅਤੇ ਤੈਨੂੰ ਲਾੜੀ ਵਿਖਾਵਾਂ ਜਿਹੜੀ ਲੇਲੇ ਦੀ ਪਤਨੀ ਹੈ'' (ਪ੍ਰਕਾਸ਼ ਦੀ ਪੋਥੀ 21:9)। ਫਿਰ ਉਸ ਨੂੰ ਆਤਮਾ ਵਿਚ ਇਕ ਵੱਡੇ ਤੇ ਉੱਚੇ ਪਹਾੜ ਤੇ ਲਿਜਾ ਕੇ ''ਪਵਿੱਤਰ ਨਗਰੀ ਯਰੂਸ਼ਲਮ ਪਰਮੇਸ਼ੁਰ ਕੋਲੋਂ ਅਕਾਸ਼ੋਂ ਉੱਤਰਦੀ ਮੈਨੂੰ ਵਿਖਾਈ ਜਿਹ ਦੇ ਵਿਚ ਪਰਮੇਸ਼ੁਰ ਦਾ ਤੇਜ ਸੀ. ...'' (ਪ੍ਰਕਾਸ਼ ਦੀ ਪੋਥੀ 21:10, 11 )। ਪ੍ਰਕਾਸ਼ ਦੀ ਪੋਥੀ ਆਤਮਾ ਅਤੇ ਲਾੜੀ ਦੇ ਸੱਦੇ ਨਾਲ ਖ਼ਤਮ ਹੁੰਦੀ ਹੈ: ''ਆਤਮਾ ਅਤੇ ਲਾੜੀ ਆਖਦੀ ਹੈ, ਆਓ! ਜਿਹੜਾ ਸੁਣਦਾ ਹੋਵੇ ਉਹ ਕਹੇ ਆਓ! ਅਤੇ ਤਿਹਾਇਆ ਹੋਵੇ ਉਹ ਆਵੇ। ਜਿਹੜਾ ਚਾਹੇ ਅੰਮ੍ਰਿਤ ਜਲ ਮੁਫ਼ਤ ਲਵੇ'' (ਪ੍ਰਕਾਸ਼ ਦੀ ਪੋਥੀ 22:17)।

ਆਤਮਾ ਦੇ ਅਨੁਸਾਰ, ਕਲੀਸੀਆ ਨੂੰ ਇਸਦੇ ਧਰਤੀ ਤੇ ਮਸੀਹ ਦੀ ਮੰਗੇਤਰ ਦੇ ਆਤਮਾ ਵਿਚ ਅਤੇ ਸੁਰਗ ਵਿਚ ਮਸੀਹ ਦੀ ਪਤਨੀ ਦੇ ਆਤਮਾ ਵਿਚ ਵੇਖਿਆ ਜਾਣਾ ਚਾਹੀਦਾ ਹੈ। ਇਹ ਗੱਲ 2 ਕੁਰਿੰਥੀਆਂ 11:2 ਵਿਚ ਵਫ਼ਾਦਾਰ ਰਹਿਣ ਦੀ ਪੌਲੁਸ ਦੀ ਸਿੱਖਿਆ ਨਾਲ ਮੇਲ ਖਾਂਦੀ ਹੈ: ''ਤੁਹਾਡੇ ਲਈ ਮੇਰੀ ਅਣਖ ਪਰਮੇਸ਼ੁਰ ਜਿਹੀ ਅਣਖ ਹੈ, ਇਸ ਲਈ ਜੋ ਮੈਂ ਇੱਕੋ ਹੀ ਪਤੀ ਨਾਲ ਤੁਹਾਡੀ ਕੁੜਮਾਈ ਕੀਤੀ ਭਈ ਤੁਹਾਨੂੰ ਪਾਕ ਕੁਆਰੀ ਵਾਂਙੁ ਮਸੀਹ ਦੇ ਅਰਪਨ ਕਰਾਂ।''

ਕੁੜਮਾਈ ਦਾ ਪੂਰਾ ਹੋਣਾ ਹੀ ਅਸਲ ਵਿਆਹ ਹੈ। ਯੂਹੰਨਾ ਨੇ ਇਕ ਨਵੇਂ ਯਰੂਸ਼ਲਮ ਭਾਵ ਪਵਿੱਤਰ ਨਗਰੀ ਨੂੰ ਆਪਣੇ ਪਤੀ ਨਾਲ ਲਾੜੀ ਦੇ ਰੂਪ ਵਿਚ ਸੱਜੀ ਹੋਈ ਸੁਰਗ ਤੋਂ ਉਤਰਣ ਦਾ ਦ੍ਰਿਸ਼ ਵੇਖਿਆ ਸੀ ਅਤੇ ਉਸ ਨੇ ਇਸ ਦਰਸ਼ਣ ਦਾ ਅਰਥ ਕਲੀਸੀਆ ਦਾ ਸਗਾਈ ਤੋਂ ਵਿਆਹ ਵਿਚ ਜਾਣ ਨੂੰ ਦੱਸਿਆ ਸੀ। ਇਹ ਚਿੱਤਰਣ ਕਲੀਸੀਆ ਦੇ ਸੁਭਾਅ ਨਾਲ ਮੇਲ ਖਾਂਦਾ ਹੈ, ਜੋ ਕਲੀਸੀਆ ਦੇ ਭਵਿੱਖ ਨਾਲ ''ਲਾੜੀ'' ਸ਼ਬਦ ਨਾਲ ਦਰਸਾਇਆ ਜਾਂਦਾ ਹੈ, ਜਿਸਨੂੰ ਸੁਰਗੀ ਨਗਰ ਦੇ ਲੇਲੇ ਦੀ ਪਤਨੀ ਦੇ ਰੂਪ ਵਿਚ ਧਰਤੀ ਤੇ ਉਤਰਨ ਦੇ ਰੂਪ ਵਿਚ ਵਿਖਾਉਣ ਜਾਂਦਾ ਹੈ।

ਯਿਸੂ ਨੇ ਕਿਸੇ ਹੋਰ ਸੰਸਥਾ ਨੂੰ ਨਹੀਂ ਬਲਕਿ ਆਪਣੀ ਦੇਹ ਭਾਵ ਆਪਣੀ ਕਲੀਸੀਆ ਨੂੰ ਬਚਾਉਣ ਦਾ ਵਾਅਦਾ ਕੀਤਾ ਹੈ (ਅਫ਼ਸੀਆਂ 5:23)। ਉਹਦੀ ਕਲੀਸੀਆ ਦਾ ਭਵਿੱਖ ਪ੍ਰਕਾਸ਼ ਦੀ ਪੋਥੀ ਵਿਚ ਬੀਤੇ ਸਮੇਂ 'ਚ ਕੀਤਾ ਗਿਆ ਵਾਅਦਾ ਪੂਰਾ ਹੋਣ 'ਚ ਅਤੇ ਬੁਰਿਆਈ ਤੇ ਫ਼ਤਹਿ ਦੇ ਰੂਪ ਵਿਚ ਵਿਖਾਇਆ ਜਾਂਦਾ ਹੈ। ਜੇ ਤੁਸੀਂ ਉਸ ਅਬਦੀ ਸ਼ਹਿਰ ਦੀ ਖੋਜ ਵਿਚ ਹੋ ਤਾਂ ਪਵਿੱਤਰ ਬਾਈਬਲ ਤੁਹਾਨੂੰ ਉਸਦੀ ਕਲੀਸੀਆ ਵਿਚ ਮਸੀਹ ਨਾਲ ਵਫ਼ਾਦਾਰੀ ਦੇ ਇਲਾਵਾ ਇਸ ਦੀ ਖੋਜ ਵਿਚ ਵੀ ਅਗਵਾਈ ਕਰਦੀ ਹੈ।

## ਬੇਦਾਗ਼ ਖ਼ੂਬਸੂਰਤੀ

ਛੇਵਾਂ, ''ਲਾੜੀ'' ਸ਼ਬਦ ਵਿਚ ਖ਼ੂਬਸੂਰਤੀ ਲੁਕੀ ਹੋਈ ਹੈ। ਲਾੜੀ ਨਾਲੋਂ ਸੋਹਣਾ ਕੁਝ ਹੋਰ ਨਹੀਂ ਹੋ ਸਕਦਾ ਹੈ। ਉਸਦੀ ਦਿਲਕਸ਼ੀ ਅਤੇ ਲਿਬਾਸ ਲੋਕ ਪ੍ਰਸਿੱਧ ਹਨ।

ਯੂਹੰਨਾ ਨੇ ਲਿਖਿਆ ਹੈ, ''ਅਤੇ ਮੈਂ ਪਵਿੱਤਰ ਨਗਰੀ ਨਵੀਂ ਯਰੂਸ਼ਲਮ ਨੂੰ ਇਉਂ ਤਿਆਰ ਕੀਤੀ

ਹੋਈ ਮਾਨੋ ਲਾੜੀ *ਆਪਣੇ ਲਾੜੇ ਲਈ ਸ਼ਿੰਗਾਰੀ* ਹੋਈ ਹੈ ਪਰਮੇਸ਼ੁਰ ਦੇ ਕੋਲੋਂ ਅਕਾਸ਼ੋਂ ਉੱਤਰਦੀ ਨੂੰ ਵੇਖਿਆ'' (ਪ੍ਰਕਾਸ਼ ਦੀ ਪੋਥੀ 21:2)। ਪ੍ਰਭੂ ਦੀਆਂ ਬਰਕਤਾਂ ਬਾਰੇ ਲਿਖਦਿਆਂ ਯਸਾਯਾਹ ਨੇ ਮਿਸਾਲ ਵਾਸਤੇ ਇਕ ਲਾੜੀ ਦੇ ਆਕਰਸ਼ਣ ਦੀ ਵਰਤੋਂ ਕੀਤੀ, ''ਮੈਂ ਯਹੋਵਾਹ ਵਿਚ ਬਹੁਤ ਖ਼ੁਸ਼ ਹੋਵਾਂਗਾ, ਮੇਰਾ ਜੀ ਮੇਰੇ ਪਰਮੇਸ਼ੁਰ ਵਿਚ ਮਗਨ ਹੋਵੇਗਾ, ਕਿਉਂ ਜੋ ਓਸ ਮੈਨੂੰ ਮੁਕਤੀ ਦੇ ਬਸਤਰ ਪਵਾਏ, ਓਸ ਧਰਮ ਦੇ ਚੋਗੇ ਨਾਲ ਮੈਨੂੰ ਕੱਜਿਆ ਜਿਵੇਂ ਲਾੜਾ ਸਿਹਰੇ ਨਾਲ ਆਪ ਨੂੰ ਸੁਆਰਦਾ ਹੈ ਅਤੇ ਲਾੜੀ ਆਪਣਿਆਂ ਗਹਿਣਿਆਂ ਨਾਲ ਆਪ ਨੂੰ ਸ਼ਿੰਗਾਰਦੀ ਹੈ'' (ਯਸਾਯਾਹ 61:10)। ਉਸ ਨੇ ਖ਼ੁਦਾ ਦੇ ਵਿਸ਼ਵਾਸ਼ੀ ਲੋਕਾਂ ਦੀ ਤੁਲਨਾ ਬੇਹੱਦ ਖ਼ੂਬਸੂਰਤ ਲਾੜੀ ਨਾਲ ਵੀ ਕੀਤੀ: ''... ਜਿਵੇਂ ਲਾੜਾ ਲਾੜੀ ਉੱਤੇ ਰੀਝਦਾ ਹੈ ਤਿਵੇਂ ਤੇਰਾ ਪਰਮੇਸ਼ੁਰ ਤੇਰੇ ਉੱਤੇ ਰੀਝੇਗਾ'' (ਯਸਾਯਾਹ 62:5)।

ਅਮਰੀਕਾ ਵਿਚ ਬਹੁਤ ਸਾਰੇ ਜੋੜਿਆਂ ਵਿਚ ਇਹ ਰਿਵਾਜ ਹੈ ਕਿ ਉਹ ਲਾੜੇ ਨੂੰ ਲਾੜੀ ਦੇ ਵਿਆਹ ਦੀ ਪੁਸ਼ਾਕ ਤਦ ਤਕ ਨਹੀਂ ਵੇਖਣ ਦਿੰਦੇ ਜਦ ਤਕ ਉਹ ਵਿਆਹ ਦੇ ਸਮਾਰੋਹ ਵਿਚ ਪਾ ਕੇ ਨਹੀਂ ਆਉਂਦੀ। ਇਸ ਰਸਮ ਦੇ ਬਾਅਦ ਲਾੜੀ ਸਚਮੁੱਚ ''ਆਪਣੇ ਪਤੀ ਲਈ ਸੱਜਦੀ'' ਹੈ। ਇਸ ਲਿਬਾਸ ਵਿਚ ਪਹਿਲੀ ਵਾਰ ਵੇਖਣ ਤੇ ਲਾੜੇ ਨੂੰ ਉਹ ਬਹੁਤ ਹੀ ਸੋਹਣੀ ਲੱਗਦੀ ਹੈ।

ਕਲੀਸੀਆ ਯਾਨੀ ਮਸੀਹ ਦੀ ਲਾੜੀ ਨੂੰ ਧਾਰਮਿਕਤਾ ਦੇ ਲਿਬਾਸ ਨਾਲ ਪਵਿੱਤਰਤਾ ਦੇ ਵਿਆਹ ਦੀ ਪੋਸ਼ਾਕ ਨਾਲ ਸਜਾਇਆ ਜਾਂਦਾ ਹੈ। ਪੌਲੁਸ ਲਿਖਦਾ ਹੈ, ''ਅਤੇ ਉਹ ਉਸ ਨੂੰ ਆਪਣੇ ਲਈ ਇਹੋ ਜਿਹੀ ਪ੍ਰਤਾਪਵਾਨ ਕਲੀਸੀਆ ਤਿਆਰ ਕਰੇ ਜਿਹਦੇ ਵਿਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ'' (ਅਫ਼ਸੀਆਂ 5:27)।

ਕਲੀਸੀਆ ਜੇ ਮਸੀਹ ਨੂੰ ਸੋਹਣੀ ਲੱਗੇਗੀ ਤਾਂ ਦੁਨੀਆਂ ਨੂੰ ਵੀ ਸੋਹਣੀ ਲੱਗੇਗੀ। ਇਹ ਇਕ ਠੱਪੇ ਵਾਂਗ ਹੈ, ''ਤੁਸੀਂ ਆਪਣੇ ਚਾਲ ਚਲਣ ਦੀ ਸੰਭਾਲ ਕਰੋ ਤਾਂ ਤੁਹਾਡਾ ਚਾਲ ਚਲਣ ਤੁਹਾਡੀ ਇੱਜ਼ਤ ਦੀ ਸੰਭਾਲ ਕਰੇਗਾ।'' ਜਦ ਕਲੀਸੀਆ ਮਸੀਹ ਦੇ ਵਚਨ ਦੇ ਰਾਹੀਂ ਸ਼ੁੱਧ ਰਹਿੰਦੀ ਹੈ ਅਤੇ ਇਸ ਤਰ੍ਹਾਂ ਉਸਨੂੰ ਸੋਹਣੀ ਲਗਦੀ ਹੈ ਤਾਂ ਸੰਸਾਰ ਵਿਚ ਉਹਦਾ ਇੱਜ਼ਤ ਮਾਣ ਉਸੇ ਤਰ੍ਹਾਂ ਦਾ ਹੀ ਹੋਵੇਗਾ ਜਿਹਾ ਹੋਣਾ ਚਾਹੀਦਾ ਹੈ।

ਵਚਨ ਵਿਚ ਬਣੇ ਰਹਿ ਕੇ ਭਾਵ ਮਸੀਹ ਦੇ ਵਫ਼ਾਦਾਰ ਹੋ ਕੇ ਕਲੀਸੀਆ ਸੁਰਗ ਵਿਚ ਮਸੀਹ ਨਾਲ ਵਿਆਹ ਲਈ ਸੱਜਦੀ ਹੈ। ਅਸੀਂ ਆਪਣੇ ਆਪ ਨੂੰ ਉਸ ਬੇਦਾਗ਼ ਚਾਲ ਚਲਣ ਅਤੇ ਖ਼ੁਦਾ ਦੇ ਸਾਹਮਣੇ ਨਿਰਦੋਸ਼ ਆਤਮਾ ਨੂੰ ਬਣਾਈ ਰੱਖ ਕੇ ਉਸ ਖ਼ਾਸ ਦਿਨ ਲਈ ਤਿਆਰੀ ਕਰਦੇ ਹਾਂ।

## ਸਾਰ

ਆਪਣੇ ਪਤੀ ਲਈ ਸੱਜੀ ਹੋਈ ਲਾੜੀ ਤੋਂ ਸੋਹਣਾ ਹੋਰ ਕੀ ਹੁੰਦਾ ਹੈ? ਸੁਹੱਪਣ, ਪਵਿੱਤਰਤਾ ਤੇ ਵਫ਼ਾਦਾਰੀ ਦੇ ਸੰਦੇਸ਼ ''ਲਾੜੀ'' ਸ਼ਬਦ ਵਿਚ ਹੀ ਮਿਲਦੇ ਹਨ। ਇਹ ਛੇਤੀ ਸਮਝ ਆ ਜਾਂਦਾ ਹੈ ਕਿ ਪਵਿੱਤਰ ਆਤਮਾ ਨੇ ਕਲੀਸੀਆ ਦੇ ਸੁਭਾਅ ਨੂੰ ਪਰਗਟ ਕਰਨ ਲਈ ਮਨੁੱਖ ਨੂੰ ਕਿਉਂ ਚੁਣਿਆ। ਇਸ ਸ਼ਬਦ ਵਿਚ ਸਾਨੂੰ, ਉਸ ਖ਼ਾਸ ਰਿਸ਼ਤੇ, ਜੋ ਕਲੀਸੀਆ ਮਸੀਹ ਨਾਲ ਬਣਾ ਕੇ ਰੱਖਦੀ ਹੈ ਭਾਵ ਮਸੀਹ ਵੱਲ ਕਲੀਸੀਆ ਦੀ ਵਫ਼ਾਦਾਰੀ, ਕਲੀਸੀਆ ਲਈ ਮਸੀਹ ਦੇ ਪ੍ਰਬੰਧ, ਕਲੀਸੀਆ ਦੀ ਪਛਾਣ, ਜੋ ਮਸੀਹ ਉਸ ਨੂੰ ਦਿੰਦਾ ਹੈ ਅਤੇ ਕਲੀਸੀਆ ਲਈ ਮਸੀਹ ਵੱਲੋਂ ਬਣਾਇਆ ਗਿਆ ਉਸਦੇ ਭਵਿੱਖ ਦਾ ਪਤਾ ਲਗਦਾ ਹੈ। ਇਸ ਤਸਵੀਰ ਨਾਲ ਮਨ ਵਿਚ ਮਸੀਹੀ ਹੋਣ ਨਾਲ ਮਿਲਣ ਵਾਲੇ ਲਾਭ, ਖ਼ਾਹਿਸ਼ਾਂ, ਸਾਡੇ ਫ਼ਰਜ਼ ਅਤੇ ਮੌਕਿਆਂ ਦਾ ਧਿਆਨ ਆਉਂਦਾ ਹੈ। ਇਸ ਨਾਲ ਸਾਡੇ ਮਨਾਂ ਵਿਚ ਮਸੀਹ ਦੇ ਸੋਹਣੇ ਅਤੇ ਵਡਿਆਈ ਨਾਲ ਭਰੇ ਥਾਂ ਦਾ ਧਿਆਨ ਆ ਜਾਂਦਾ ਹੈ।

ਕਲੀਸੀਆ ਮਸੀਹ ਦੀ ਲਾੜੀ ਹੈ, ਇਸ ਲਈ ਕੌਣ ਉਸਦੀ ਕਲੀਸੀਆ ਦਾ ਮੈਂਬਰ ਨਹੀਂ ਬਣਨਾ ਚਾਹੇਗਾ? ਮਸੀਹ ਦੀ ਲਾੜੀ ਹੋਣਾ ਕਿੰਨੀ ਖ਼ੁਸ਼ਕਿਸਮਤੀ ਵਾਲੀ ਗੱਲ ਹੈ! ਜੋ ਕੋਈ ਮਸੀਹ ਦੀ

ਦੇਹ ਵਿਚ ਨਹੀਂ ਆਉਂਦਾ ਉਹ ਮਸੀਹ ਦੇ ਸ਼ਗਿਰਦ ਦੇ ਤੌਰ ਤੇ ਜ਼ਿੰਦਗੀ ਨਹੀਂ ਕੱਟਦਾ, ਯਕੀਨਨ ਉਸ ਨੇ ਕਲੀਸੀਆ ਦੇ ਸੁਭਾਅ ਨੂੰ ਨਹੀਂ ਸਮਝਿਆ।

ਮੰਨ ਲਓ ਕਿ ਕੋਈ ਤੁਹਾਨੂੰ ਇਕ ਵੱਡਾ ਖ਼ਜ਼ਾਨਾ ਪੇਸ਼ ਕਰਦਾ ਹੈ ਜਿਸਨੂੰ ਤੁਸੀਂ ਆਪਣੀ ਮਰਜ਼ੀ ਨਾਲ ਖ਼ਰਚ ਕਰ ਸਕਦੇ ਹੋ। ਕੀ ਤੁਸੀਂ ਉਸ ਨੂੰ ਕਬੂਲ ਕਰ ਲਓਗੇ? ਕੀ ਤੁਸੀਂ ਕਿਸੇ ਦੇ *ਰੀਡਰ'ਜ਼ ਡਾਈਜੈਸਟ* ਦੀ ਇਕ ਕਰੋੜ ਡਾਲਰ ਦੀ ਲਾਟਰੀ ਤੋਂ ਨਾਂਹ ਕਰਨ ਦੀ ਕਲਪਨਾ ਕਰ ਸਕਦੇ ਹੋ? ਜੇ ਉਹ ਧਨ ਤੁਹਾਨੂੰ ਮਿਲ ਜਾਵੇ ਤਾਂ ਕੀ ਤੁਸੀਂ ਉਸ ਤੋਂ ਮੂੰਹ ਮੋੜ ਲਓਗੇ? ਜਾਂ ਤੁਸੀਂ ਕਹੋਗੇ, ''ਇਕ ਕਰੋੜ ਡਾਲਰ, ਓਹ! ਮਾਫ਼ ਕਰਨਾ, ਮੈਨੂੰ ਇਹਦੇ ਵਿਚ ਕੋਈ ਦਿਲਚਸਪੀ ਨਹੀਂ ਹੈ।'' ਜਵਾਬ ਸਾਫ਼ ਹੈ। ਤੁਸੀਂ ਉਸ ਦੌਲਤ ਨੂੰ ਪਾ ਕੇ ਫੁੱਲੇ ਨਹੀਂ ਸਮਾਓਗੇ ।

ਉਸਦੀ ਕਲੀਸੀਆ ਵਿਚ ਆਉਣ ਅਤੇ ਉਹਦੀ ਲਾੜੀ ਦੇ ਰੂਪ ਵਿਚ ਰਹਿਣ ਦਾ ਤੁਹਾਨੂੰ ਮਸੀਹ ਦਾ ਸੱਦਾ ਧਰਤੀ ਦੇ ਸਾਰੇ ਧਨ, ਅਨੰਦ ਤੇ ਸ਼ੋਹਰਤ ਤੋਂ ਵਧ ਕੇ ਹੈ। ਜੇ ਤੁਹਾਨੂੰ ਯਿਸੂ ਨਾਲ ਉਸ ਸਦੀਪਕ ਸਬੰਧ ਵਿਚ ਸ਼ਾਮਿਲ ਹੋਣ ਦਾ ਮੌਕਾ ਮਿਲਦਾ ਹੈ ਜਿਸ ਨਾਲ ਤੁਹਾਨੂੰ ਇੱਥੇ ਅਤੇ ਅਨਾਦੀਕਾਲ ਵਿਚ ਖੁੱਲ੍ਹਦਿਲੀ ਨਾਲ ਬਰਕਤਾਂ ਮਿਲਣਗੀਆਂ ਜੋ ਸਾਡੀ ਮੌਜੂਦਾ ਸਮਝ ਤੋਂ ਬਾਹਰ ਹੈ।

''ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, 'ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ।' ... ਪ੍ਰਭੂ ਦਿਨੋ ਦਿਨ ਉਨ੍ਹਾਂ ਨੂੰ ਜਿਹੜੇ ਬਚਾਏ ਜਾਂਦੇ ਸਨ ਉਨ੍ਹਾਂ ਵਿਚ ਰਲਾਉਂਦਾ ਸੀ'' (ਰਸੂਲਾਂ ਦੇ ਕੰਮ 2:38, 47)।

## ਅਧਿਐਨ ਤੇ ਚਰਚਾ ਲਈ ਸਵਾਲ

1. ਲਾੜੀ ਦੀਆਂ ਖ਼ੂਬੀਆਂ ਦੱਸੋ।
2. ਨਵੇਂ ਨੇਮ ਦਾ ਕਿਹੜਾ ਲੇਖਕ ਕਲੀਸੀਆ ਨੂੰ ਖ਼ਾਸ ਤੌਰ ਤੇ ''ਮਸੀਹ ਦੀ ਲਾੜੀ'' ਆਖਦਾ ਹੈ?
3. ਮਸੀਹ ਨਾਲ ਵਫ਼ਾਦਾਰ ਹੋਣ ਤੋਂ ਕੀ ਭਾਵ ਹੈ?
4. ਕੀ ਵਿਆਹ ਨਾਲ ਸਾਡੀ ਪਛਾਣ ਵਿਚ ਕੋਈ ਫ਼ਰਕ ਪੈਂਦਾ ਹੈ?
5. ਕੀ ਵਿਆਹ ਨੂੰ ਸਭ ਤੋਂ ਵੱਡੇ ਵਾਅਦਿਆਂ ਵਿੱਚੋਂ ਇਕ ਕਹਾਂਗੇ?
6. ''ਸਮਰਪਣ'' ਸ਼ਬਦ ਤੋਂ ਕੀ ਭਾਵ ਹੈ?
7. ''ਜੇ ਤਾਨਾਸ਼ਾਹ ਸਭ ਕੁਝ ਕਰਨ ਦੇ ਕਾਬਲ ਹੋਵੇ ਤਾਂ ਸਭ ਤੋਂ ਬੇਹਤਰ ਪ੍ਰਬੰਧ ਤਾਨਾਸ਼ਾਹ ਦਾ ਹੈ'' ਕਥਨ ਤੇ ਚਰਚਾ ਕਰੋ। ਇਸ ਵਾਕ ਦਾ ਮਸੀਹ ਨਾਲ ਕੀ ਸਬੰਧ ਹੈਂ।
8. ਅਫ਼ਸੀਆਂ 5:22-33 ਦੇ ਅਨੁਸਾਰ ਪਤੀ ਨੂੰ ਆਪਣੀ ਪਤਨੀ ਨਾਲ ਕਿਹੋ ਜਿਹੋ ਪਿਆਰ ਰੱਖਣਾ ਚਾਹੀਦਾ ਹੈ?
9. ਮਸੀਹ ਆਪਣੀ ਕਲੀਸੀਆ ਲਈ ਕੀ ਮੁਹੱਈਆ ਕਰਵਾਉਂਦਾ ਹੈ?
10. ਮਸੀਹ ਦੀ ਕਲੀਸੀਆ ਦਾ ਭਵਿੱਖ ਕਿਹੋ ਜਿਹਾ ਹੈ? ਇਸ ਭਵਿੱਖ ਦਾ ਆਪਣੇ ਸ਼ਬਦਾਂ ਵਿਚ ਬਿਆਨ ਕਰੋ।
11. ਕਲੀਸੀਆ ਨੂੰ ''ਮਸੀਹ ਦੀ ਲਾੜੀ'' ਦੇ ਤੌਰ ਤੇ ਵਿਚਾਰ ਕਰਦਿਆਂ ਤੁਹਾਡੇ ਮਨ ਵਿਚ ਕਿਹੜੀਆਂ ਮੁੱਖ ਖ਼ੂਬੀਆਂ ਆਉਂਦੀਆਂ ਹਨ?
12. ਕੀ ਮਸੀਹ ਨੇ ਆਪਣੀ ਕਲੀਸੀਆ ਦੇ ਬਚਾਉਣ ਦਾ ਵਾਅਦਾ ਕੀਤਾ ਹੈ? ਭਲਾ ਉਸਨੇ ਕਿਸੇ ਹੋਰ ਕਲੀਸੀਆ ਨੂੰ ਬਚਾਉਣ ਦਾ ਵਾਅਦਾ ਕੀਤਾ ਹੈ?